# ਕੋਵਿਡ-19 ਇਨਕੁਆਇਰੀ ਸੰਦਰਭ ਦੀਆਂ ਸ਼ਰਤਾਂ

ਇਨਕੁਆਇਰੀ ਇੰਗਲੈਂਡ, ਵੇਲਜ਼, ਸਕਾਟਲੈਂਡ ਅਤੇ ਉੱਤਰੀ ਆਇਰਲੈਂਡ ਵਿੱਚ, ਇਨਕੁਆਇਰੀ ਦੀ ਰਸਮੀ ਸਥਾਪਨਾ ਤਾਰੀਖ, 28 ਜੂਨ 2022 ਤਕ ਅਤੇ ਇਸਦੇ ਸਮੇਤ, ਮਹਾਂਮਾਰੀ ਦੀ ਤਿਆਰੀ ਅਤੇ ਪ੍ਰਤੀਕ੍ਰਿਆ ਦੀ ਜਾਂਚ, ਇਸ 'ਤੇ ਸੋਚ-ਵਿਚਾਰ ਕਰੇਗੀ, ਅਤੇ ਰਿਪੋਰਟ ਦੇਵੇਗੀ।

ਆਪਣੇ ਕੰਮ ਨੂੰ ਪੂਰਾ ਕਰਨ ਵਿੱਚ, ਇਨਕੁਆਇਰੀ ਯੂਨਾਈਟਿਡ ਕਿੰਗਡਮ ਵਿੱਚ ਰਾਖਵੇਂ ਅਤੇ ਸੌਂਪੇ ਗਏ ਮਾਮਲਿਆਂ 'ਤੇ ਵਿਚਾਰ ਕਰੇਗੀ, ਜਿਵੇਂ ਵੀ ਜ਼ਰੂਰੀ ਹੋਵੇਗਾ, ਪਰ ਮਨੋਨੀਤ ਸਰਕਾਰਾਂ ਦੁਆਰਾ ਸਥਾਪਤ ਕੀਤੀ ਗਈ ਕਿਸੇ ਹੋਰ ਜਨਤਕ ਇਨਕੁਆਇਰੀ ਦੀ ਜਾਂਚ-ਪੜਤਾਲ, ਸਬੂਤ ਇਕੱਠੇ ਕਰਨ ਅਤੇ ਰਿਪੋਰਟਿੰਗ ਦੇ ਦੁਹਰਾਅ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰੇਗੀ। ਇਸ ਨੂੰ ਹਾਸਲ ਕਰਨ ਵਾਸਤੇ, ਇਨਕੁਆਇਰੀ ਜਨਤਕ ਰੂਪ ਵਿੱਚ ਇਹ ਵਰਣਨ ਕਰੇਗੀ ਕਿ ਇਹ ਦੁਹਰਾਅ ਨੂੰ ਕਿਵੇਂ ਘਟਾਉਣ ਦਾ ਇਰਾਦਾ ਰੱਖਦੀ ਹੈ, ਅਤੇ ਇਸਤੋਂ ਪਹਿਲਾਂ ਕਿ ਇਹ ਅਜਿਹੇ ਕਿਸੇ ਵੀ ਮਾਮਲੇ ਦੀ ਜਾਂਚ-ਪੜਤਾਲ ਕਰੇ ਜੋ ਉਸ ਇਨਕੁਆਇਰੀ ਦੇ ਦਾਇਰੇ ਵਿੱਚ ਵੀ ਹੈ, ਇਹ ਅਜਿਹੀ ਕਿਸੇ ਵੀ ਇਨਕੁਆਇਰੀ ਦੇ ਨਾਲ ਤਾਲਮੇਲ ਕਰੇਗੀ।

ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਵਾਸਤੇ, ਇਨਕੁਆਇਰੀ:

a) ਵੱਖ-ਵੱਖ ਸ਼੍ਰੇਣੀਆਂ ਦੇ ਲੋਕਾਂ 'ਤੇ ਮਹਾਂਮਾਰੀ ਦੇ ਅਸਰ ਵਿੱਚ ਸਪਸ਼ਟ ਦਿਸਦੀਆਂ ਕੋਈ ਵੀ ਨਾ-ਬਰਾਬਰੀਆਂ 'ਤੇ ਸੋਚ-ਵਿਚਾਰ ਕਰੇਗੀ, ਜਿਹਨਾਂ ਵਿੱਚ ਬਰਾਬਰੀ ਦਾ ਕਾਨੂੰਨ 2010 (Equality Act 2010) ਦੇ ਤਹਿਤ ਸੁਰੱਖਿਅਤ ਵਿਸ਼ੇਸ਼ਤਾਵਾਂ ਅਤੇ ਉੱਤਰੀ ਆਇਰਲੈਂਡ ਕਾਨੂੰਨ 1998 (Northern Ireland Act 1998) ਦੇ ਤਹਿਤ ਸੁਰੱਖਿਅਤ ਵਿਸ਼ੇਸ਼ਤਾਵਾਂ ਨਾਲ ਸਬੰਧਤ ਨਾ-ਬਰਾਬਰੀਆਂ ਸ਼ਾਮਲ ਹਨ, ਪਰ ਇਹਨਾਂ ਤਕ ਸੀਮਤ ਨਹੀਂ ਹਨ;

b) ਸੋਗਗ੍ਰਸਤ ਪਰਿਵਾਰਾਂ ਅਤੇ ਹੋਰ ਲੋਕਾਂ ਜਿਹਨਾਂ ਨੇ ਮਹਾਂਮਾਰੀ ਦੇ ਨਤੀਜੇ ਵਜੋਂ ਔਕੜਾਂ ਜਾਂ ਨੁਕਸਾਨ ਝੱਲਿਆ ਹੈ, ਦੇ ਅਨੁਭਵਾਂ ਨੂੰ ਸੁਣ ਕੇ ਉਹਨਾਂ 'ਤੇ ਧਿਆਨਪੂਰਵਕ ਗੌਰ ਕਰੇਗੀ। ਹਾਲਾਂਕਿ ਇਨਕੁਆਇਰੀ ਨੁਕਸਾਨ ਜਾਂ ਮੌਤ ਦੇ ਵਿਅਕਤੀਗਤ ਕੇਸਾਂ 'ਤੇ ਵਿਸਤਾਰ ਸਹਿਤ ਸੋਚ-ਵਿਚਾਰ ਨਹੀਂ ਕਰੇਗੀ, ਪਰ ਇਹਨਾਂ ਬਿਰਤਾਂਤਾਂ ਨੂੰ ਸੁਣਨ ਨਾਲ ਮਹਾਂਮਾਰੀ ਦੇ ਅਸਰ ਅਤੇ ਪ੍ਰਤਿਕਿਰਿਆ, ਅਤੇ ਸਿੱਖੀਆਂ ਜਾਣ ਵਾਲੀਆਂ ਨਸੀਹਤਾਂ ਬਾਰੇ ਇਸਦੀ ਸਮਝ ਦੀ ਜਾਣਕਾਰੀ ਮਿਲੇਗੀ;

c) ਇਸ ਗੱਲ ਨੂੰ ਉਜਾਗਰ ਕਰੇਗੀ ਕਿ ਮਹਾਂਮਾਰੀ ਲਈ ਤਿਆਰੀ ਅਤੇ ਪ੍ਰਤਿਕਿਰਿਆ ਤੋਂ ਪਛਾਣੀਆਂ ਗਈਆਂ ਨਸੀਹਤਾਂ ਹੋਰ ਕਿਹੜੀਆਂ ਨਾਗਰਿਕ ਐਮਰਜੈਂਸੀਆਂ 'ਤੇ ਲਾਗੂ ਹੋ ਸਕਦੀਆਂ ਹਨ;

d) ਸਬੰਧਤ ਅੰਤਰਰਾਸ਼ਟਰੀ ਤੁਲਨਾਵਾਂ ਪ੍ਰਤੀ ਮੁਨਾਸਬ ਤਵੱਜੋ ਦੇਵੇਗੀ; ਅਤੇ

e) ਆਪਣੀਆਂ ਰਿਪੋਰਟਾਂ (ਅੰਤਰਿਮ ਰਿਪੋਰਟਾਂ ਸਮੇਤ) ਅਤੇ ਕੋਈ ਵੀ ਸਿਫ਼ਾਰਸ਼ਾਂ ਨੂੰ ਸਮੇਂ ਸਿਰ ਤਿਆਰ ਕਰੇਗੀ।

ਇਨਕੁਆਇਰੀ ਦੇ ਉਦੇਸ਼ ਇਹ ਹਨ:

1. ਇੰਗਲੈਂਡ, ਵੇਲਜ਼, ਸਕਾਟਲੈਂਡ ਅਤੇ ਉੱਤਰੀ ਆਇਰਲੈਂਡ ਵਿੱਚ ਕੋਵਿਡ-19 ਪ੍ਰਤਿਕਿਰਿਆ ਅਤੇ ਮਹਾਂਮਾਰੀ ਦੇ ਅਸਰ ਦੀ ਜਾਂਚ ਕਰਨੀ, ਅਤੇ ਤੱਥਾਂ ਸਹਿਤ ਇੱਕ ਬਿਰਤਾਂਤ ਤਿਆਰ ਕਰਨਾ, ਜਿਸ ਵਿੱਚ ਇਹ ਸ਼ਾਮਲ ਹਨ:

a) ਸਮੁੱਚੇ ਯੂਕੇ ਵਿੱਚ ਜਨ ਸਿਹਤ ਪ੍ਰਤਿਕਿਰਿਆ, ਜਿਸ ਵਿੱਚ ਸ਼ਾਮਲ ਹਨ

i) ਤਿਆਰੀ ਅਤੇ ਲਚਕੀਲਾਪਣ;

ii) ਫ਼ੈਸਲੇ ਕਿਵੇਂ ਲਏ ਗਏ ਸਨ, ਇਹਨਾਂ ਨੂੰ ਕਿਵੇਂ ਪਹੁੰਚਾਇਆ, ਰਿਕਾਰਡ ਅਤੇ ਲਾਗੂ ਕੀਤਾ ਗਿਆ ਸੀ;

iii) ਯੂਕੇ ਦੀਆਂ ਸਰਕਾਰਾਂ ਦਰਮਿਆਨ ਫ਼ੈਸਲੇ ਲੈਣ ਦੀ ਪ੍ਰਕਿਰਿਆ;

iv) ਕੇਂਦਰ ਸਰਕਾਰ, ਮਨੋਨੀਤ ਪ੍ਰਸ਼ਾਸਨਾਂ, ਖੇਤਰੀ ਅਤੇ ਸਥਾਨਕ ਅਧਿਕਾਰੀਆਂ, ਅਤੇ ਵਲੰਟਰੀ ਤੇ ਕਮਿਉਨਿਟੀ ਸੈਕਟਰ ਦੀਆਂ ਭੂਮਿਕਾਵਾਂ, ਅਤੇ ਇਹਨਾਂ ਦਰਮਿਆਨ ਸਹਿਯੋਗ;

v) ਡੇਟਾ, ਖੋਜ ਅਤੇ ਮਾਹਰ ਪ੍ਰਮਾਣ ਦੀ ਉਪਲਬਧਤਾ ਅਤੇ ਇਸਤੇਮਾਲ;

vi) ਵਿਧਾਨਕ ਅਤੇ ਰੈਗੂਲੇਟਰੀ ਨਿਯੰਤਰਣ ਅਤੇ ਅਮਲੀਕਰਨ;

vii) ਡਾਕਟਰੀ ਤੌਰ 'ਤੇ ਕਮਜ਼ੋਰ ਲੋਕਾਂ ਨੂੰ ਮਹਿਫੂਜ਼ ਰੱਖਣਾ ਅਤੇ ਉਹਨ ਦੀਸੁਰੱਖਿਆ;

viii) ਲਾਕਡਾਊਨ ਅਤੇ ਹੋਰ 'ਗੈਰ-ਫ਼ਾਰਮਾਸਿਊਟਿਕਲ' (ਦਵਾਈਆਂ ਤੋਂ ਛੁੱਟ) ਦਖਲਅੰਦਾਜ਼ੀਆਂ ਦਾ ਇਸਤੇਮਾਲ ਜਿਵੇਂ ਸਮਾਜਕ ਦੂਰੀ ਅਤੇ ਫ਼ੇਸ ਕਵਰਿੰਗ ਦਾ ਇਸਤੇਮਾਲ;

ix) ਟੈਸਟਿੰਗ ਅਤੇ ਸੰਪਰਕ ਟ੍ਰੇਸਿੰਗ, ਅਤੇ ਇਕਾਂਤਵਾਸ;

x) ਜਨਸੰਖਿਆ ਦੀ ਮਾਨਸਿਕ ਸਿਹਤ ਅਤੇ ਭਲਾਈ 'ਤੇ ਅਸਰ, ਜਿਹਨਾਂ ਵਿੱਚ ਮਹਾਂਮਾਰੀ ਦੁਆਰਾ ਵੱਡਾ ਨੁਕਸਾਨ ਝੱਲ ਚੁੱਕੇ ਲੋਕ ਸ਼ਾਮਲ ਹਨ, ਪਰ ਉਹਨਾਂ ਤਕ ਸੀਮਿਤ ਨਹੀਂ ਹਨ;

xi) ਸੋਗਗ੍ਰਸਤ ਲੋਕਾਂ ਦੀ ਮਾਨਸਿਕ ਸਿਹਤ ਅਤੇ ਤੰਦਰੁਸਤੀ 'ਤੇ ਅਸਰ, ਸੋਗ ਤੋਂ ਬਾਅਦ ਦੀ ਸਹਾਇਤਾ ਸਮੇਤ;

xii) ਸਿਹਤ ਅਤੇ ਦੇਖਭਾਲ ਸੈਕਟਰ ਦੇ ਵਰਕਰਾਂ ਅਤੇ ਦੂਜੇ ਮੁੱਖ ਵਰਕਰਾਂ ਉੱਪਰ ਅਸਰ;

xiii) ਸਿਹਤ, ਤੰਦਰੁਸਤੀ ਅਤੇ ਸਮਾਜਕ ਦੇਖਭਾਲ ਸਮੇਤ, ਬੱਚਿਆਂ ਅਤੇ ਨੌਜਵਾਨਾਂ 'ਤੇ ਅਸਰ;

xiv) ਸਿੱਖਿਆ ਅਤੇ ਸ਼ੁਰੂਆਤੀ ਸਾਲਾਂ ਦਾ ਪ੍ਰਬੰਧ;

xv) ਮੇਜ਼ਬਾਨੀ, ਪ੍ਰਚੂਨ, ਖੇਡਾਂ ਅਤੇ ਮਨ-ਪਰਚਾਵਾ, ਯਾਤਰਾ ਤੇ ਸੈਰ-ਸਪਾਟਾ ਸੈਕਟਰਾਂ, ਪੂਜਾ ਸਥਾਨਾਂ, ਅਤੇ ਸੱਭਿਆਚਾਰਕ ਸੰਸਥਾਵਾਂ ਨੂੰ ਬੰਦ ਕਰਨਾ ਅਤੇ ਦੁਬਾਰਾ ਖੋਲ੍ਹਣਾ;

xvi) ਹਾਊਸਿੰਗ ਅਤੇ ਬੇਘਰਾਪਣ;

xvii) ਘਰੇਲੂ ਬਦਸਲੂਕੀ ਦੇ ਪੀੜਤਾਂ ਲਈ ਸੁਰੱਖਿਆ ਅਤੇ ਸਹਾਰਾ;

xviii) ਜੇਲ੍ਹਾਂ ਅਤੇ ਨਜ਼ਰਬੰਦੀ ਦੇ ਹੋਰ ਸਥਾਨ;

xix) ਨਿਆਂ ਪ੍ਰਣਾਲੀ;

xx) ਇਮੀਗ੍ਰੇਸ਼ਨ ਅਤੇ ਸ਼ਰਨ;

xxi) ਯਾਤਰਾ ਅਤੇ ਸਰਹੱਦਾਂ; ਅਤੇ

xxii) ਜਨਤਕ ਫ਼ੰਡਾਂ ਦੀ ਰੱਖਿਆ ਅਤੇ ਵਿੱਤੀ ਜੋਖਮ ਦਾ ਪ੍ਰਬੰਧਨ।

b) ਯੂਕੇ ਭਰ ਵਿੱਚ ਸਿਹਤ ਅਤੇ ਦੇਖਭਾਲ ਸੈਕਟਰ ਦੀ ਪ੍ਰਤਿਕਿਰਿਆ, ਜਿਸ ਵਿੱਚ ਸ਼ਾਮਲ ਹਨ:

i) ਤਿਆਰੀ, ਸ਼ੁਰੂਆਤੀ ਸਮਰੱਥਾ ਅਤੇ ਸਮਰੱਥਾ ਨੂੰ ਵਧਾਉਣ ਦੀ ਯੋਗਤਾ, ਅਤੇ ਲਚੀਲਾਪਣ;

ii) ਅਧਿਕਾਰਤ ਸਿਹਤ-ਸੰਭਾਲ ਸਲਾਹ ਸੇਵਾਵਾਂ ਜਿਵੇਂ ਕਿ 111 ਅਤੇ 999 ਨਾਲ ਸ਼ੁਰੂਆਤੀ ਸੰਪਰਕ;

iii) ਮੁੱਢਲੀ ਦੇਖਭਾਲ ਸੈਟਿੰਗਾਂ ਦੀ ਭੂਮਿਕਾ ਜਿਵੇਂ ਕਿ ਜਨਰਲ ਪ੍ਰੈਕਟਿਸ;

iv) ਹਸਪਤਾਲਾਂ ਵਿੱਚ ਮਹਾਂਮਾਰੀ ਦਾ ਪ੍ਰਬੰਧਨ, ਜਿਸ ਵਿੱਚ ਲਾਗ ਦੀ ਰੋਕਥਾਮ ਅਤੇ ਨਿਯੰਤਰਣ, ਛਾਂਟੀ, ਨਾਜ਼ੁਕ ਦੇਖਭਾਲ ਸਮਰੱਥਾ, ਮਰੀਜ਼ਾਂ ਨੂੰ ਹਪਸਤਾਲ ਤੋਂ ਛੁੱਟੀ, 'ਕਾਰਡੀਓਪਲਮਨਰੀ ਰੀਸੱਸੀਟੇਸ਼ਨ ਦੀ ਕੋਸ਼ਿਸ਼ ਨਾ ਕਰੋ' (Do not attempt cardiopulmonary resuscitation, DNACPR) ਬਾਰੇ ਫ਼ੈਸਲੇ, ਉਪਚਾਰਕ ਦੇਖਭਾਲ ਪ੍ਰਤੀ ਦ੍ਰਿਸ਼ਟੀਕੋਣ, ਕਰਮਚਾਰੀ ਦਲ ਦੀ ਟੈਸਟਿੰਗ, ਨਿਰੀਖਣਾਂ ਵਿੱਚ ਤਬਦੀਲੀਆਂ, ਅਤੇ ਸਟਾਫ਼ ਤੇ ਸਟਾਫ਼ਿੰਗ ਪੱਧਰਾਂ 'ਤੇ ਅਸਰ ਸ਼ਾਮਲ ਹਨ;

v) ਦੇਖਭਾਲ ਘਰਾਂ ਅਤੇ ਦੂਜੀਆਂ ਦੇਖਭਾਲ ਸੈਟਿੰਗਾਂ ਵਿੱਚ ਮਹਾਂਮਾਰੀ ਦਾ ਪ੍ਰਬੰਧਨ, ਜਿਸ ਵਿੱਚ ਲਾਗ ਦੀ ਰੋਕਥਾਮ ਅਤੇ ਨਿਯੰਤਰਣ, ਘਰਾਂ ਤੋਂ ਨਿਵਾਸੀਆਂ ਨੂੰ ਲਿਆਉਣਾ ਜਾਂ ਵਾਪਸ ਛੱਡਣਾ, ਨਿਵਾਸੀਆਂ ਦਾ ਇਲਾਜ ਅਤੇ ਦੇਖਭਾਲ, ਮੁਲਾਕਾਤਾਂ 'ਤੇ ਪਾਬੰਦੀਆਂ, ਕਰਮਚਾਰੀ ਦਲ ਦੀ ਟੈਸਟਿੰਗ ਅਤੇ ਛਾਣਬੀਣ ਵਿੱਚ ਤਬਦੀਲੀਆਂ ਸ਼ਾਮਲ ਹਨ;

vi) ਘਰ ਵਿੱਚ ਦੇਖਭਾਲ, ਅਵੇਤਨਕ ਦੇਖਭਾਲਕਰਤਾਵਾਂ ਦੁਆਰਾ ਦੇਖਭਾਲ ਸਮੇਤ;

vii) ਜਣੇਪੇ ਤੋਂ ਪਹਿਲਾਂ ਅਤੇ ਜਣੇਪੇ ਤੋਂ ਬਾਅਦ ਦੀ ਦੇਖਭਾਲ;

viii) PPE ਅਤੇ ਵੈਂਟੀਲੇਟਰਾਂ ਸਮੇਤ, ਮੁੱਖ ਉਪਕਰਣਾਂ ਅਤੇ ਸਪਲਾਈਆਂ ਦੀ ਖਰੀਦ ਅਤੇ ਵੰਡ;

ix) ਚਿਕਿਤਸਾ ਅਤੇ ਵੈਕਸੀਨਾਂ ਦਾ ਵਿਕਾਸ, ਡਿਲਿਵਰੀ ਅਤੇ ਪ੍ਰਭਾਵ;

x) ਗੈਰ-ਕੋਵਿਡ ਸਬੰਧੀ ਸਥਿਤੀਆਂ ਅਤੇ ਲੋੜਾਂ ਲਈ ਪ੍ਰਬੰਧ 'ਤੇ ਮਹਾਂਮਾਰੀ ਦੇ ਨਤੀਜੇ; ਅਤੇ

xi) ਲੰਬੇ-ਕੋਵਿਡ ਦਾ ਅਨੁਭਵ ਕਰ ਰਹੇ ਲੋਕਾਂ ਲਈ ਪ੍ਰਬੰਧ।

c) ਮਹਾਂਮਾਰੀ ਪ੍ਰਤੀ ਆਰਥਿਕ ਪ੍ਰਤਿਕਿਰਿਆ ਅਤੇ ਇਸਦਾ ਅਸਰ, ਇਹਨਾਂ ਤਰੀਕਿਆਂ ਨਾਲ ਸਰਕਾਰ ਦੀ ਦਖਲਅੰਦਾਜ਼ੀ ਸਮੇਤ:

i) ਕਾਰੋਬਾਰਾਂ, ਨੌਕਰੀਆਂ ਅਤੇ ਸਵੈ-ਰੁਜ਼ਗਾਰ ਵਿੱਚ ਲੱਗੇ ਲੋਕਾਂ ਲਈ ਸਹਾਇਤਾ, ਜਿਸ ਵਿੱਚ ਕੋਰੋਨਵਾਇਰਸ ਜੌਬ ਰੀਟੈਨਸ਼ਨ ਸਕੀਮ, ਸਵੈ-ਰੁਜ਼ਗਾਰ ਆਮਦਨ ਸਹਾਇਤਾ ਯੋਜਨਾ, ਕਰਜ਼ਾ ਯੋਜਨਾਵਾਂ, ਵਪਾਰਕ ਦਰਾਂ ਵਿੱਚ ਰਾਹਤ ਅਤੇ ਗ੍ਰਾਂਟਾਂ ਸ਼ਾਮਲ ਹਨ;

ii) ਸਬੰਧਤ ਜਨਤਕ ਸੇਵਾਵਾਂ ਲਈ ਵਾਧੂ ਫ਼ੰਡਿੰਗ;

iii) ਵਾਲੰਟਰੀ ਅਤੇ ਕਮਿਊਨਿਟੀ ਸੈਕਟਰ ਲਈ ਵਾਧੂ ਫ਼ੰਡਿੰਗ; ਅਤੇ

iv) ਲਾਭ ਅਤੇ ਬਿਮਾਰੀ ਵੇਤਨ, ਅਤੇ ਕਮਜ਼ੋਰ ਲੋਕਾਂ ਲਈ ਸਹਾਇਤਾ।

2. ਯੂਕੇ ਭਰ ਵਿੱਚ ਭਵਿੱਖ ਦੀਆਂ ਮਹਾਂਮਾਰੀਆਂ ਵਾਸਤੇ ਤਿਆਰੀ ਨੂੰ ਸੂਚਿਤ ਕਰਨ ਲਈ, ਉਪਰੋਕਤ ਤੋਂ ਸਿੱਖੀਆਂ ਜਾਣ ਵਾਲੀਆਂ ਨਸੀਹਤਾਂ ਦੀ ਪਛਾਣ ਕਰਨੀ।